# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

1. ਰਾਜ ਦੇ ਸਮੂਹ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
3. ਰਾਜ ਦੇ ਸਮੂਹ ਸਕੂਲ ਇੰਚਾਰਜ।

ਮੀਮੋ ਨੰ:ਐਸਐਸਏ/ਐਮਸੀ/2009/76987-77027
ਮਿਤੀ,ਚੰਡੀਗੜ੍ਹ 25 ਨਵੰਬਰ 2009

**ਵਿਸ਼ਾ:- ਐਡਜਸਟਮੈਂਟ ਪੀਰੀਅਡ ਦੌਰਾਨ ਪੜ੍ਹਾਈ ਕਰਵਾਉਣ ਬਾਰੇ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2.0 ਸਮੇਂ ਸਮੇਂ ਤੇ ਕੀਤੇ ਗਏ ਵੱਖ ਵੱਖ ਜ਼ਿਲ੍ਹਿਆਂ ਦੇ ਨਿਰੀਖਣ ਦੇ ਦੌਰਾਨ ਇਹ ਦੇਖਣ ਵਿਚ ਆਇਆ ਹੈ ਕਿ ਸਕੂਲਾਂ ਵਿੱਚ ਅਧਿਆਪਕਾਂ ਵੱਲੋਂ ਲਈ ਗਈ ਛੁੱਟੀ ਦੇ ਦੌਰਾਨ ਸਕੂਲ ਮੁੱਖੀ ਵੱਲੋਂ ਛੁੱਟੀ ਤੇ ਗਏ ਅਧਿਆਪਕਾਂ ਦੇ ਪੀਰੀਅਡਾਂ ਲਈ ਖਾਲੀ ਪੀਰੀਅਡਾਂ ਵਾਲੇ ਅਧਿਆਪਕਾਂ ਦੀ ਐਡਜਸਟਮੈਂਟ ਕਰ ਦਿੱਤੀ ਜਾਂਦੀ ਹੈ ਪਰ ਐਡਜਸਟਮੈਂਟ ਤੇ ਗਿਆ ਅਧਿਆਪਕ ਕਲਾਸ ਵਿੱਚ ਵਿਦਿਆਰਥੀਆਂ ਨੂੰ ਕੋਈ ਵੀ ਕੰਮ ਨਹੀਂ ਕਰਵਾਉਂਦਾ ਜਿਸ ਨਾਲ ਛੁੱਟੀ ਤੇ ਗਏ ਅਧਿਆਪਕ ਦੀ ਐਡਜਸਟਮੈਂਟ ਲਗਾਉਣ ਦਾ ਕੋਈ ਵੀ ਮੰਤਵ ਪੂਰਾ ਨਹੀਂ ਹੁੰਦਾ ਅਤੇ ਐਡਜਸਟਮੈਂਟ ਬੇ-ਅਰਥ ਹੋ ਜਾਂਦੀ ਹੈ।

3.0 ਉਪਰੋਕਤ ਸਬੰਧੀ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਐਡਜਸਟਮੈਂਟ ਤੇ ਭੇਜੇ ਗਏ ਅਧਿਆਪਕਾਂ ਨੂੰ ਇਹ ਜ਼ਰੂਰ ਹਦਾਇਤ ਕਰਨ ਕਿ ਐਡਜਸਟਮੈਂਟ ਤੇ ਗਿਆ ਅਧਿਆਪਕ ਚਲ ਰਹੇ ਵਿਸ਼ੇ ਦੇ ਅਧਿਐਨ ਦੀ ਲਗਾਤਾਰਤਾ ਵਿੱਚ ਉਸ ਦੀ ਦੁਹਰਾਈ ਕਰਵਾਉਣ ਜਾਂ ਫਿਰ ਆਪਣੇ ਵਿਸ਼ੇ ਦੇ ਨਾਲ ਸਬੰਧਤ ਕੁਝ ਨਾ ਕੁਝ ਗਿਆਨ ਵਿਦਿਆਰਥੀਆਂ ਨੂੰ ਦੇਣ ਤਾਂ ਜੋ ਮੋਨੀਟਰ ਐਡਜਟਮੈਂਟ ਤੇ ਆਏ ਅਧਿਆਪਕ ਵੱਲੋਂ ਪੜ੍ਹਾਏ ਗਏ ਵਿਸ਼ੇ ਜਾਂ ਟੋਪਿਕ ਵੀ ਨੋਟ ਕਰ ਸਕਣ ਅਤੇ ਕਿਸੇ ਵੀ ਸੂਰਤ ਵਿੱਚ ਕੋਈ ਵੀ ਪੀਰੀਅਡ ਮੋਨੀਟਰ ਡਾਇਰੀ ਤੇ ਖਾਲੀ ਨਾ ਲਿਖਿਆ ਜਾਵੇ।

3.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ